# ਧੰਨ ਸ੍ਰੀ ਗੁਰੂ ਅਰਜਨ ਸਾਹਿਬ ਜੀਓ

## ਅੰਤੁ ਨ ਪਾਵਤ ਦੇਵ ਸਬੈ ਮੁਨਿ ਇੰਦ੍ਰ ਮਹਾ ਸਿਵ ਜੋਗ ਕਰੀ ॥

ਇਹ ਸਵਈਏ ਮਹਲੇ ਪੰਜਵੇ ਕੇ ਵਿਚੋਂ ਚੌਥਾ ਸਵਈਆ ਹੈ ਜੋ ਭੱਟ ਮਥੁਰਾ ਜੀ ਦਾ ਉਚਾਰਣ ਕੀਤਾ ਹੋਇਆ ਹੈ, ਜੋ ਪੰਨਾ ੧੪੦੯ ਤੇ ਸੁਭਾਇਮਾਨ ਹੈ। ਇਹ, ਮਹਲੇ ਪੰਜਵੇ ਕੇ ਸਵਈਏ, ਪੰਜਵੇਂ ਪਾਤਸ਼ਾਹ ਦੀ ਉਸਤਤਿ ਵਿਚ ਉਚਾਰਣ ਕੀਤੇ ਹੋਏ ਹਨ।

– ਸਾਰੇ ਦੇਵਤੇ, ਮੁਨੀ, ਇੰਦਰ, ਸ਼ਿਵ ਨੇ ਬਥੇਰੀ ਜੋਗ ਸਾਧਨਾ ਕੀਤੀ ਪਰ ਹੇ ਗੁਰੂ ਅਰਜਨ ! ਤੇਰਾ ਅੰਤ ਨਹੀਂ ਪਾ ਸਕੇ।

## ਫੁਨਿ ਬੇਦ ਬਿਰੰਚਿ ਬਿਚਾਰਿ ਰਹਿਓ ਹਰਿ ਜਾਪੁ ਨ ਛਾਡ੍ਯਿਉ ਏਕ ਘਰੀ ॥

– ਫ਼ਿਰ, ਬ੍ਰਹਮਾ ਵੀ, ਵੇਦਾਂ ਦੀ ਵਿਚਾਰ ਕਰ ਕਰ ਰਿਹਾ, ਥਕ ਗਿਆ, ਭਾਵ, ਹਾਰ ਗਿਆ ਅਤੇ ਹੇ ਹਰੀ, ਅਤੇ ਹੇ ਗੁਰੂ ਅਰਜਨ ! ਤੇਰਾ ਜਾਪ ਉਸਨੇ ਇਕ ਘੜੀ ਲਈ ਵੀ ਨਹੀਂ ਛਡਿਆ।

ਇਥੇ ਸ੍ਰੀ ਗੁਰੂ ਅਰਜਨ ਸਾਹਿਬ ਲਈ 'ਹਰਿ' ਸ਼ਬਦ ਦਾ ਪ੍ਰਯੋਗ ਕੀਤਾ ਹੈ। ਬਾਣੀ ਵਿਚ 'ਹਰਿ' ਸ਼ਬਦ ਦੇ ਪ੍ਰਯੋਗ ਦੇ ਨਾਲ ਨਾਲ ਸ੍ਰੀ ਕ੍ਰਿਸ਼ਨ ਜੀ ਲਈ 'ਪ੍ਰਭ' ਸ਼ਬਦ ਦਾ ਪ੍ਰਯੋਗ ਵੀ ਕੀਤਾ ਗਿਆ ਹੈ – 'ਫੁਨਿ ਦ੍ਰੋਪਤੀ ਲਾਜ ਰਖੀ ਹਰਿ ਪ੍ਰਭ ਜੀ ਛੀਨਤ ਬਸਤ੍ਰ ਦੀਨ ਬਹੁ ਸਾਜ।।', ਪੰਨਾ ੧੪੦੦. ਭਾਈ ਗੁਰਦਾਸ ਜੀ ਨੇ ਵੀ, ਸੁਦਾਮਾ ਵਾਲੇ ਪ੍ਰਸੰਗ ਵਿਚ, ਇਹੀ ਸ਼ਬਦ ਸ੍ਰੀ ਕ੍ਰਿਸ਼ਨ ਜੀ ਲਈ ਵਰਤਿਆ ਹੈ – 'ਦੂਰਹੁੰ ਦੇਖਿ ਡੰਡਉਤ ਕਰਿ ਛਡਿ ਸਿੰਘਾਸਣੁ ਹਰਿ ਜੀ ਆਏ।।' ਵਾਰ ੧੦:੯. ਸੋ ਇਹ ਪ੍ਰਤੱਖ ਹੈ ਕਿ ਗੁਰਬਾਣੀ ਵਿਚ, ਪਰਮਾਤਮਾ ਲਈ ਅਤੇ ਗੁਰ-ਜੋਤਿ ਲਈ, ਉਹੀ ਉਹੀ ਨਾਂ ਵਰਤੇ ਗਏ ਹਨ।

ਅਕਾਲ ਪੁਰਖ ਲਈ ਤਾਂ ਇਹ ਸ਼ਬਦ ਆਮ ਹੀ ਵਰਤਿਆ ਗਿਆ ਹੈ।

## ਮਥੁਰਾ ਜਨ ਕੋ ਪ੍ਰਭੁ ਦੀਨ ਦਯਾਲੁ ਹੈ ਸੰਗਤਿ ਸ੍ਰਿਸ੍ਟਿ ਨਿਹਾਲੁ ਕਰੀ ॥

– ਪ੍ਰਭੂ, ਸ੍ਰੀ ਗੁਰੂ ਅਰਜਨ ਦੇਵ ਜੀ, ਇਸ ਦੀਨ, ਦਾਸ ਮਥੁਰਾ ਤੇ ਦਇਆਲ ਹਨ ਅਤੇ ਸਾਰੇ ਸੰਗਤਿ ਦੇ ਸੰਸਾਰ ਨੂੰ ਵੀ ਉਨ੍ਹਾਂ ਨੇ ਨਿਹਾਲ ਕਰ ਦਿਤਾ ਹੈ।
ਇਥੇ, ਮਹਾਰਾਜ ਲਈ 'ਪ੍ਰਭੁ' ਸ਼ਬਦ ਵੀ ਵਰਤਿਆ ਹੈ।
ਇਕ ਹੋਰ ਥਾਇਂ, ਪਾਤਸ਼ਾਹ ਨੂੰ 'ਪਰਤਖ ਹਰਿ' ਵੀ ਕਿਹਾ ਹੈ।

## ਰਾਮਦਾਸਿ ਗੁਰੂ ਜਗ ਤਾਰਨ ਕਉ ਗੁਰ ਜੋਤਿ ਅਰਜੁਨ ਮਾਹਿ ਧਰੀ ॥੪॥

– ਸ੍ਰੀ ਗੁਰੂ ਰਾਮਦਾਸ ਸਾਹਿਬ ਨੇ ਜਗਤ ਦੇ ਉਧਾਰ ਹਿਤ, ਗੁਰ-ਜੋਤਿ, ਸ੍ਰੀ ਗੁਰੂ ਅਰਜਨ ਸਾਹਿਬ ਵਿਚ ਧਰ ਦਿਤੀ।੪।

Last modified: 8:58 am